# ਤੁਸੀਂ ਅਤੇ ਤੁਹਾਡਾ ਸੋਸ਼ਲ ਕੇਅਰ ਵਰਕਰ – ਕੀ ਉਮੀਦ ਕੀਤੀ ਜਾਵੇ

## ਸੋਸ਼ਲ ਕੇਅਰ ਵਰਕਰ ਤੁਹਾਡੇ ਇੱਛਤ ਤਰੀਕੇ ਵਿੱਚ ਤੁਹਾਡੀ ਜ਼ਿੰਦਗੀ ਜੀਉਣ ਵਿੱਚ ਤੁਹਾਡੀ ਮਦਦ ਕਰਦੇ ਹਨ

ਇਹ ਯਕੀਨੀ ਬਣਾਉਣ ਲਈ ਕਿ ਵੇਲਸ ਵਿੱਚ ਵਰਕਰ ਤੁਹਾਨੂੰ ਵਧੀਆ ਦੇਖਭਾਲ ਅਤੇ ਸਮਰਥਨ ਪ੍ਰਦਾਨ ਕਰਦੇ ਹਨ, ਸੋਸ਼ਲ ਕੇਅਰ ਵੇਲਸ (Social Care Wales) ਨੇ *ਸੋਸ਼ਲ ਕੇਅਰ ਲਈ ਪੇਸ਼ੇਵਰ ਅਭਿਆਸ ਦਾ ਕੋਡ (Code of Professional Practice for Social Care)* (ਕੋਡ) ਸਥਾਪਿਤ ਕੀਤਾ ਹੈ ਅਤੇ ਇਹ ਯਕੀਨੀ ਬਣਾਉਣ ਲਈ ਵਰਕਰਾਂ ਦੇ ਸਮੂਹ ਨੂੰ ਰਜਿਸਟਰ ਕਰਦੇ ਹਨ ਕਿ ਉਹ ਕੰਮ ਲਈ ਉਚਿਤ ਹਨ।

ਕੋਡ ਨਿਯਮਾਂ, ਜਾਂ ਮਿਆਰਾਂ ਦਾ ਇੱਕ ਸਮੂਹ ਹੈ, ਜਿਹਨਾਂ ਉੱਤੇ ਦੇਖਭਾਲ ਪੇਸ਼ੇਵਰਾਂ ਨੂੰ ਤੁਹਾਨੂੰ ਸੁਰੱਖਿਅਤ ਅਤੇ ਠੀਕ-ਠਾਕ ਰੱਖਣ ਵਿੱਚ ਮਦਦ ਲਈ ਲਾਜ਼ਮੀ ਤੌਰ 'ਤੇ ਕੰਮ ਕਰਨਾ ਚਾਹੀਦਾ ਹੈ। ਇਹ ਲੀਫਲੈਟ ਇਹ ਜਾਣਨ ਵਿੱਚ ਤੁਹਾਡੀ ਮਦਦ ਕਰੇਗਾ ਕਿ ਮਿਆਰ ਕੀ ਹਨ।

## ਕੋਡ ਕੀ ਕਹਿੰਦਾ ਹੈ

ਤੁਹਾਨੂੰ ਸਭ ਤੋਂ ਵਧੀਆ ਦੇਖਭਾਲ ਅਤੇ ਸਮਰਥਨ ਪ੍ਰਦਾਨ ਕਰਨ ਲਈ, ਸੋਸ਼ਲ ਕੇਅਰ ਵਰਕਰਾਂ ਲਈ ਲਾਜ਼ਮੀ ਹੈ:

- ਤੁਹਾਡੇ ਲਈ ਜੋ ਮਹੱਤਵਪੂਰਨ ਹੈ, ਉਹ ਕਹਿਣ ਅਤੇ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰਨ
- ਤੁਹਾਡੇ ਮਾਨ, ਗੋਪਨੀਯਤਾ, ਤਰਜੀਹਾਂ, ਸੱਭਿਆਚਾਰ, ਭਾਸ਼ਾ, ਅਧਿਕਾਰਾਂ, ਵਿਸ਼ਵਾਸ, ਨਜ਼ਰੀਏ ਅਤੇ ਇੱਛਾਵਾਂ ਦੀ ਇੱਜ਼ਤ ਕਰਨ
- ਸੁਰੱਖਿਅਤ ਰਹਿਣ ਵਿੱਚ ਤੁਹਾਡਾ ਸਾਥ ਦੇਣ
- ਇਮਾਨਦਾਰ, ਭਰੋਸੇਯੋਗ ਅਤੇ ਵਿਸ਼ਵਾਸਯੋਗ ਹੋਣ
- ਆਪਣੇ ਕੰਮ ਨੂੰ ਸਹੀ ਤਰ੍ਹਾਂ ਕਰਨ ਲਈ ਪਾਤਰ ਹੋਣ।



## ਮੈਨੂੰ ਕੋਡ ਕਿੱਥੇ ਮਿਲ ਸਕਦਾ ਹੈ?

ਕੋਡ ਇੱਥੇ ਔਨਲਾਈਨ ਉਪਲਬਧ ਹੁੰਦਾ ਹੈ socialcare.wales/code
ਜਾਂ ਸਾਨੂੰ codes@socialcare.wales'ਤੇ ਈਮੇਲ ਕਰੋ

## ਕਿਸ-ਕਿਸ ਨੇ ਕੋਡ 'ਤੇ ਅਮਲ ਕਰਨਾ ਹੁੰਦਾ ਹੈ?

ਸਾਰੇ ਸੋਸ਼ਲ ਕੇਅਰ ਵਰਕਰਾਂ ਨੂੰ ਕੋਡ ਦਾ ਤਾਂ ਵੀ ਪਾਲਣ ਕਰਨਾ ਚਾਹੀਦਾ ਹੈ ਭਾਵੇਂ ਜੇ ਉਹਨਾਂ ਤੋਂ ਇਸ ਸਮੇਂ ਰਜਿਸਟਰ ਕਰਨ ਦੀ ਉਮੀਦ ਨਹੀਂ ਕੀਤੀ ਜਾਂਦੀ। ਜਿਹੜੇ ਸੋਸ਼ਲ ਕੇਅਰ ਵਰਕਰ ਸਾਡੇ ਨਾਲ ਰਜਿਸਟਰ ਹੁੰਦੇ ਹਨ, ਉਹਨਾਂ ਨੂੰ ਸੋਸ਼ਲ ਕੇਅਰ ਵਿੱਚ ਕੰਮ ਕਰਨ ਕਰਨਾ ਜਾਰੀ ਰੱਖਣ ਲਈ ਕੋਡ ਦਾ ਪਾਲਣ ਕਰਨਾ ਹੁੰਦਾ ਹੈ। ਇਹ ਹਨ:

- ਬਾਲਗ਼ ਦੇਖਭਾਲ ਹੋਮ ਮੈਨੇਜਰ
- ਘਰ-ਸਬੰਧੀ ਦੇਖਭਾਲ ਮੈਨੇਜਰ ਅਤੇ ਘਰ-ਸਬੰਧੀ ਦੇਖਭਾਲ ਵਰਕਰ
- ਰਿਹਾਇਸ਼ੀ ਚਾਈਲਡ ਕੇਅਰ ਮੈਨੇਜਰ ਅਤੇ ਰਿਹਾਇਸ਼ੀ ਚਾਈਲਡ ਕੇਅਰ ਵਰਕਰ
- ਰਿਹਾਇਸ਼ੀ ਪਰਿਵਾਰ ਕੇਂਦਰ ਮੈਨੇਜਰ
- ਸੋਸ਼ਲ ਵਰਕਰ ਅਤੇ ਸੋਸ਼ਲ ਵਰਕ ਵਿਦਿਆਰਥੀ।





ਸਮੇਂ-ਸਮੇਂ 'ਤੇ, ਹੋਰ ਸਮੂਹ ਰਜਿਸਟਰ ਵਿੱਚ ਜੁੜੇ ਜਾਂਦੇ ਹਨ। ਹੇਠ ਲਿਖੇ ਵਰਕਰਾਂ ਨੂੰ ਸਾਡੇ ਨਾਲ ਰਜਿਸਟਰ ਕਰਨ ਲਈ ਯੋਜਨਾਵਾਂ ਸਥਾਪਿਤ ਕੀਤੀਆਂ ਗਈਆਂ ਹਨ:

- ਗੋਦ ਲੈਣ ਸਬੰਧੀ ਸੇਵਾ ਮੈਨੇਜਰ
- ਬਾਲਗ ਦੇਖਭਾਲ ਹੋਮ ਮੈਨੇਜਰ
- ਬਾਲਗ ਸਥਾਪਨਾ ਮੈਨੇਜਰ
- ਬੱਚਿਆਂ ਦੇ ਨਾਲ ਕੰਮ ਕਰ ਰਹੇ ਵਕਾਲਤ ਮੈਨੇਜਰ
- ਮਤਰੇਈ ਸੇਵਾ ਸਬੰਧੀ ਮੈਨੇਜਰ
- ਰਿਹਾਇਸ਼ੀ ਪਰਿਵਾਰ ਕੇਂਦਰ ਵਰਕਰ।

ਸਾਡਾ ਰਜਿਸਟਰ ਯਕੀਨੀ ਬਣਾਉਂਦਾ ਹੈ ਕਿ ਵਰਕਰ:

- ਕੰਮ ਲਈ ਉਚਿਤ ਅਤੇ ਤੰਦਰੁਸਤ ਹਨ
- ਚੰਗੇ ਚਰਿੱਤਰ ਵਾਲੇ ਹਨ
- ਉਹਨਾਂ ਕੋਲ ਲੋੜੀਂਦੀਆਂ ਯੋਗਤਾਵਾਂ ਹਨ
- *ਪੇਸ਼ੇਵਰ ਅਭਿਆਸ ਦੇ ਕੋਡ (Code of Professional Practice)* ਉੱਤੇ ਅਮਲ ਕਰਨ ਲਈ ਸਹਿਮਤ ਹਨ।

ਤੁਸੀਂ ਇਹ ਦੇਖਣ ਲਈ ਜਾਂਚ ਕਰ ਸਕਦੇ ਹੋ ਕਿ ਕੋਈ ਵਰਕਰ ਇੱਥੇ ਰਜਿਸਟਰ ਹੋਇਆ ਹੈ ਜਾਂ ਨਹੀਂ
[www.scwonline.wales/en/search-the-register/](www.scwonline.wales/en/search-the-register/)

## ਜੇ ਤੁਹਾਡਾ ਸੋਸ਼ਲ ਕੇਅਰ ਵਰਕਰ ਕੋਡ 'ਤੇ ਕੰਮ ਨਹੀਂ ਕਰ ਰਿਹਾ ਹੈ ਤਾਂ ਤੁਸੀਂ ਕੀ ਕਰ ਸਕਦੇ ਹੋ?

1. socialcare.wales/code 'ਤੇ ਮਿਆਰਾਂ ਦੀ ਜਾਂਚ ਕਰਨ ਲਈ ਕੋਡ ਨੂੰ ਪੜ੍ਹੋ
2. ਆਪਣੇ ਦੇਖਭਾਲ ਵਰਕਰ ਦੇ ਮਾਲਕ ਨਾਲ ਆਪਣੀਆਂ ਚਿੰਤਾਵਾਂ ਸਾਂਝੀਆਂ ਕਰੋ ਅਤੇ ਪੁੱਛੋ ਕਿ ਉਹ ਕੀ ਕਰਨਗੇ
3. ਜੇ ਮਾਲਕ ਤੁਹਾਡੀ ਚਿੰਤਾਵਾਂ ਦਾ ਹੱਲ ਨਹੀਂ ਕੱਢਦਾ ਹੈ, ਤਾਂ ਤੁਸੀਂ ਇਹ ਜਾਣਨ ਵਿੱਚ ਆਪਣੀ ਮਦਦ ਲਈ, ਕਿ ਅੱਗੇ ਕੀ ਕਰਨਾ ਹੈ, ਉਹਨਾਂ ਦੀਆਂ ਸ਼ਿਕਾਇਤਾਂ ਦੀ ਕਾਰਜਵਿਧੀ ਦੀ ਇੱਕ ਨਕਲ ਮੰਗ ਸਕਦੇ ਹੋ
4. ਜੇ ਵਰਕਰ ਸਾਡੇ ਨਾਲ ਰਜਿਸਟਰ ਹੋਇਆ ਹੈ ਅਤੇ ਮਾਲਕ ਨਾਲ ਗੱਲ ਕਰਕੇ ਮਦਦ ਨਹੀਂ ਮਿਲੀ ਹੈ, ਤਾਂ ਸਾਡੀ ਫਿਟਨੈਸ ਟੂ ਪ੍ਰੈਕਟਿਸ (Fitness to Practise) ਟੀਮ ਨੂੰ ftp@socialcare.wales 'ਤੇ ਈਮੇਲ ਕਰੋ ਅਤੇ ਉਹ ਤੁਹਾਡੀ ਤਰਜੀਹ ਉੱਤੇ ਨਿਰਭਰ ਕਰਦਿਆਂ ਤੁਹਾਨੂੰ ਫ਼ੋਨ ਰਾਹੀਂ ਜਾਂ ਈਮੇਲ ਰਾਹੀਂ ਜਵਾਬ ਦੇਣਗੇ।

ਜੇ ਤੁਸੀਂ ਕਿਸੇ ਕੰਪਨੀ ਜਾਂ ਸੰਗਠਨ ਦੁਆਰਾ ਪ੍ਰਦਾਨ ਕੀਤੇ ਦੇਖਭਾਲ ਦੇ ਮਿਆਰ ਬਾਰੇ ਚਿੰਤਤ ਹੋ, ਤੁਸੀਂ ਕੇਅਰ ਇੰਸਪੈਕਟੋਰੇਟ ਵੇਲਸ (Care Inspectorate Wales) ਦੇ ਨਾਲ 0300 7900 126 ਉੱਤੇ, ciw@gov.wales 'ਤੇ ਸੰਪਰਕ ਕਰ ਸਕਦੇ ਹੋ ਜਾਂ ਇਸਦੀ ਵੈਬਸਾਈਟ careinspectorate.wales 'ਤੇ ਵਿਜ਼ਿਟ ਕਰ ਸਕਦੇ ਹੋ

